# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

ਦਫਤਰੀ ਹੁਕਮ ਨੰਬਰ/ **20** /ਡੀ.ਐਸ.ਆਈ/ਡੀ-179 ਮਿਤੀ:- **02.05.2013**

ਜਿਵੇਂ ਕਿ ਸ੍ਰੀ ਅਮਰੀਕ ਸਿੰਘ ਜੇ.ਈ. ਇੰਨਸਟਾਲੇਸ਼ਨ (ਆਈ.ਡੀ. ਨੰਬਰ 257181) ਜੋ ਕਿ ਸੀਨੀਅਰ ਕਾਰਜਕਾਰੀ ਇੰਜੀਨੀਅਰ ਵਣਜ, ਸਿਵਲ ਲਾਈਨ ਮੰਡਲ, ਪੀ.ਐਸ.ਪੀ.ਸੀ.ਐਲ., ਅੰਮ੍ਰਿਤਸਰ ਦੇ ਦਫਤਰ ਵਿਖੇ ਤੈਨਾਤ ਸੀ ਤਾਂ ਉਸ ਵੱਲੋਂ ਇੰਜੀਨੀਅਰ ਸੁਬਾਰਡੀਨੇਟਸ ਦੀ ਵਿਭਾਗੀ ਲੇਖਾ ਪ੍ਰੀਖਿਆ ਸੈਸ਼ਨ 10/2012 ਮਿਤੀ 13.10.2012 ਤੋ 14.10.2012 ਤੱਕ ਦੀ ਪ੍ਰੀਖਿਆ ਦਿੰਦੇ ਸਮੇਂ ਅਣਉਚਿਤ ਸਾਧਨਾਂ ਦੀ ਵਰਤੋਂ ਕਰਨ ਕਾਰਨ ਅਣਗਹਿਲੀਆਂ/ ਕੁਤਾਹੀਆਂ ਲਈ ਉਸ ਨੂੰ ਇਸ ਦਫਤਰ ਵੱਲੋਂ ਕਾਰਨ ਦੱਸੋ ਨੋਟਿਸ ਨੰਬਰ 19 ਮਿਤੀ 16.11.2012 ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਗਿਆ ਸੀ।

ਜਿਵੇਂ ਕਿ ਸ੍ਰੀ ਅਮਰੀਕ ਸਿੰਘ ਜੇ.ਈ. ਇੰਨਸਟਾਲੇਸ਼ਨ (ਆਈ.ਡੀ. ਨੰਬਰ 257181) ਵੱਲੋਂ ਉਸ ਨੂੰ ਜਾਰੀ ਕਾਰਨ ਦੱਸੋ ਨੋਟਿਸ ਦਾ ਦਿੱਤਾ ਗਿਆ ਜਵਾਬ ਅਤੇ ਉਸ ਵੱਲੋ ਦਿੱਤੇ ਜਵਾਬ ਉਪਰ ਸਬੰਧਿਤ ਉਚ-ਅਧਿਕਾਰੀਆਂ ਦੀਆਂ ਟਿੱਪਣੀਆਂ ਪ੍ਰਾਪਤ ਹੋਣ ਉਪਰੰਤ ਕੇਸ ਸਾਂਝੀ ਕਾਰਵਾਈ ਲਈ ਸਮਰੱਥ ਅਧਿਕਾਰੀ ਪ੍ਰਮੁੱਖ ਇੰਜੀਨੀਅਰ/ ਐਚ.ਆਰ.ਡੀ, ਪੀ.ਐਸ.ਪੀ.ਸੀ.ਐਲ, ਪਟਿਆਲਾ ਜੀ ਨੂੰ ਫੈਸਲੇ ਲਈ ਪੇਸ਼ ਕੀਤਾ ਗਿਆ ਸੀ।

ਜਿਵੇ ਕਿ ਸ੍ਰੀ ਅਮਰੀਕ ਸਿੰਘ ਜੇ.ਈ. ਇੰਨਸਟਾਲੇਸ਼ਨ (ਆਈ.ਡੀ. ਨੰਬਰ 257181) ਵੱਲੋਂ ਉਸ ਨੂੰ ਜਾਰੀ ਕਾਰਨ ਦੱਸੋ ਨੋਟਿਸ ਦਾ ਦਿੱਤਾ ਗਿਆ ਜਵਾਬ, ਉਚ-ਅਧਿਕਾਰੀਆਂ ਦੀਆਂ ਟਿੱਪਣੀਆਂ ਅਤੇ ਕੇਸ ਦੇ ਸਾਰੇ ਤੱਥਾਂ ਨੂੰ ਵਿਚਾਰਨ ਉਪਰੰਤ ਕਰਮਚਾਰੀ ਨੂੰ ਜ਼ਿੰਮੇਵਾਰ ਠਹਿਰਾਉਦੇ ਹੋਏ ਪ੍ਰਮੁੱਖ ਇੰਜੀਨੀਅਰ/ਐਚ.ਆਰ.ਡੀ.,ਪੀ.ਐਸ.ਪੀ.ਸੀ.ਐਲ, ਪਟਿਆਲਾ ਵੱਲੋਂ ਕਰਮਚਾਰੀ ਸ੍ਰੀ ਅਮਰੀਕ ਸਿੰਘ ਜੇ.ਈ. ਇੰਨਸਟਾਲੇਸ਼ਨ (ਆਈ.ਡੀ. ਨੰਬਰ 257181) ਦੀ ਇੱਕ ਸਾਲਾਨਾ ਤਰੱਕੀ ਬਿਨ੍ਹਾਂ ਭਵਿੱਖੀ ਅਸਰ ਬੰਦ ਕਰਨ ਦੇ (ਇਹ ਸਜ਼ਾ 2 ਸੈਸ਼ਨਾਂ ਲਈ ਪ੍ਰੀਖਿਆ ਦੇਣ ਤੋਂ ਡੀ-ਬਾਰ ਕਰਨ ਦੀ ਦਿੱਤੀ ਗਈ ਸਜ਼ਾ ਤੋ ਇਲਾਵਾ ਹੋਵੇਗੀ) ਅਤੇ ਕਰਮਚਾਰੀ ਦਾ ਮੁਅੱਤਲੀ ਸਮਾਂ ਕਾਰਨ ਦੱਸੋ ਨੋਟਿਸ ਨਾਲ ਸਬੰਧਿਤ ਜਿੰਨਾ ਵੀ ਹੋਵੇ ਬਣਦੀ ਕਿਸਮ ਦੀ ਛੁੱਟੀ **(Leave of the kind due)** ਮੰਨਕੇ ਨਿਯਮਿਤ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।

ਇਸ ਲਈ ਇਸ ਦਫਤਰੀ ਹੁਕਮ ਰਾਹੀਂ ਸਮਰੱਥ ਅਧਿਕਾਰੀ ਜੀ ਵੱਲੋਂ ਕੀਤੇ ਗਏ ਫੈਸਲੇ ਦੀ ਪਾਲਣਾ ਕਰਦੇ ਹੋਏ ਸ੍ਰੀ ਅਮਰੀਕ ਸਿੰਘ ਜੇ.ਈ. ਇੰਨਸਟਾਲੇਸ਼ਨ (ਆਈ.ਡੀ. ਨੰਬਰ 257181) ਦੀ ਇੱਕ ਸਾਲਾਨਾ ਤਰੱਕੀ ਬਿਨ੍ਹਾਂ ਭਵਿੱਖੀ ਅਸਰ ਬੰਦ ਕਰਨ ਦੇ (ਇਹ ਸਜ਼ਾ 2 ਸੈਸ਼ਨਾਂ ਲਈ ਪ੍ਰੀਖਿਆ ਦੇਣ ਤੋਂ ਡੀ-ਬਾਰ ਕਰਨ ਦੀ ਦਿੱਤੀ ਗਈ ਸਜ਼ਾ ਤੋ ਇਲਾਵਾ ਹੋਵੇਗੀ) ਅਤੇ ਕਰਮਚਾਰੀ ਦਾ ਮੁਅੱਤਲੀ ਸਮਾਂ ਕਾਰਨ ਦੱਸੋ ਨੋਟਿਸ ਨਾਲ ਸਬੰਧਿਤ ਜਿੰਨਾ ਵੀ ਹੋਵੇ ਬਣਦੀ ਕਿਸਮ ਦੀ ਛੁੱਟੀ **(Leave of the kind due)** ਮੰਨਕੇ ਨਿਯਮਿਤ ਕਰਨ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ।

ਇਹ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਸਕੱਤਰ/ਇੰਨਕੁਅਰੀ,
ਪੰ:ਰਾ:ਪਾ:ਕਾ:ਲਿਮ:,ਪਟਿਆਲਾ।

ਪਿੱਠ ਅੰਕਣ ਨੰਬਰ/- **377/383** ਮਿਤੀ:- **02.05.2013**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1) ਪ੍ਰਮੁੱਖ ਇੰਜੀਨੀਅਰ/ਐਚ.ਆਰ.ਡੀ., ਪੀ.ਐਸ.ਪੀ.ਸੀ.ਐਲ., ਪਟਿਆਲਾ।

-- ਪਰਤੋ ਜੀ --

2) ਮੁੱਖ ਇੰਜੀਨੀਅਰ ਸੰਚਾਲਣ ਬਾਰਡਰ ਜੋਨ, ਪੀ.ਐਸ.ਪੀ.ਸੀ.ਐਲ., ਅੰਮ੍ਰਿਤਸਰ।
3) ਨਿਗਰਾਨ ਇੰਜੀਨੀਅਰ ਸੰਚਾਲਣ ਸ਼ਹਿਰੀ ਹਲਕਾ, ਪੀ.ਐਸ.ਪੀ.ਸੀ.ਐਲ., ਅੰਮ੍ਰਿਤਸਰ।
4) ਸੀਨੀਅਰ ਕਾਰਜਕਾਰੀ ਇੰਜੀਨੀਅਰ ਵਣਜ, ਸਿਵਲ ਲਾਈਨ ਮੰਡਲ, ਪੀ.ਐਸ.ਪੀ.ਸੀ.ਐਲ. ਅੰਮ੍ਰਿਤਸਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਦਫਤਰੀ ਹੁਕਮ ਕਰਮਚਾਰੀ ਨੂੰ ਸੋਪ ਕੇ ਇਸ ਦੀ ਮਿਤੀਬੱਧ ਪ੍ਰਾਪਤੀ ਰਸੀਦ ਪ੍ਰਤੀ-ਹਸਤਾਖਰ ਕਰਨ ਉਪਰੰਤ ਇਸ ਦਫਤਰ ਵਿਖੇ ਭੇਜੀ ਜਾਵੇ ਅਤੇ ਇਸ ਦਫਤਰੀ ਹੁਕਮ ਦਾ ਇੰਦਰਾਜ ਕਰਮਚਾਰੀ ਦੀ ਸੇਵਾ ਪੱਤਰੀ ਵਿੱਚ ਕਰਕੇ ਸੇਵਾ ਪੱਤਰੀ ਦਾ ਪੰਨਾ ਨੰਬਰ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
5) ਸੰਯੁਕਤ ਸਕੱਤਰ/ਸੇਵਾਵਾਂ-3, ਪੀ.ਐਸ.ਪੀ.ਸੀ.ਐਲ., ਪਟਿਆਲਾ।
6) ਸੁਪਰਡੈਂਟ ਪ੍ਰੀਖਿਆ ਸ਼ਾਖਾ, ਪੀ.ਐਸ.ਪੀ.ਸੀ.ਐਲ, ਪਟਿਆਲਾ।
7) ਸ੍ਰੀ ਅਮਰੀਕ ਸਿੰਘ ਜੇ.ਈ. ਇੰਨਸਟਾਲੇਸ਼ਨ (ਆਈ.ਡੀ. ਨੰਬਰ 257181) ਮਾਰਫਤ/ਸੀਨੀਅਰ ਕਾਰਜਕਾਰੀ ਇੰਜੀਨੀਅਰ, ਵਣਜ, ਸਿਵਲ ਲਾਈਨ ਮੰਡਲ, ਪੀ.ਐਸ.ਪੀ.ਸੀ.ਐਲ. ਅੰਮ੍ਰਿਤਸਰ।

ਨੱਥੀ/01 ਨੰਬਰ ਲੜੀ ਨੰ:
04 ਲਈ।

ਉਪ ਸਕੱਤਰ/ਇਨਕੁਅਰੀ,
ਪੰ:ਰਾ:ਪਾ:ਕਾ:ਲਿਮ:,ਪਟਿਆਲਾ।